# ਗੁਰਸ਼ਰਨ ਸਿੰਘ ਦੀ ਦੇਣ

## *ਰਘਬੀਰ ਸਿੰਘ*

ਗੁਰਸ਼ਰਨ ਸਿੰਘ ਪੰਜਾਬੀ ਦੇ ਅਗਾਂਹਵਧੂ ਹਲਕਿਆਂ ਵਿਚ ਇਕ ਅਦੁਤੀ ਵਰਤਾਰਾ ਹੈ। ਪ੍ਰਗਤੀਵਾਦੀ ਚਿੰਤਨ ਨੂੰ ਅਮਲ ਦੀ ਪੱਧਰ 'ਤੇ ਵਿਸ਼ਾਲ ਪੰਜਾਬੀ ਜਗਤ ਵਿਚ ਪਰਚਾਰਨ ਪ੍ਰਸਾਰਨ ਵਿਚ ਜੋ ਕੁਝ ਉਸਨੇ ਵਿਅਕਤੀਗਤ ਪੱਧਰ 'ਤੇ ਕੀਤਾ ਹੈ, ਉਸਦਾ ਟਾਕਰਾ ਵੱਡੀਆਂ ਵੱਡੀਆਂ ਸੰਸਥਾਵਾਂ ਵੀ ਨਹੀਂ ਕਰ ਸਕਦੀਆਂ। ਲਗਭਗ ਅੱਧੀ ਸਦੀ ਤੋਂ ਗੁਰਸ਼ਰਨ ਸਿੰਘ ਭਾਅ ਜੀ ਨੇ ਰੰਗਮੰਚ ਨੂੰ ਆਪਣੀ ਕਰਮ ਭੂਮੀ ਬਣਾਇਆ ਹੋਇਆ ਹੈ। ਅਤੇ ਇਸ ਖੇਤਰ ਦੀ ਆਪਣੀ ਅਣਥੱਕ ਸਰਗਰਮੀ ਰਾਹੀਂ ਦੂਰ-ਦੁਰਾਡੀਆਂ ਥਾਵਾਂ ਉੱਤੇ ਜਾ ਕੇ ਉਸਨੇ ਜਨ-ਸਮੂਹ ਦੀ ਨਾਟਕ-ਚੇਟਕ ਦੀ ਭੁੱਖ ਤਾਂ ਪੂਰੀ ਕੀਤੀ ਹੀ ਹੈ, ਉਸਨੇ ਚੰਗੀਆਂ ਇਨਸਾਨੀ ਤੇ ਸਮਾਜੀ ਕਦਰਾਂ-ਕੀਮਤਾਂ ਨੂੰ ਪਰਚਾਰਨ ਅਤੇ ਲੋਕਾਂ ਦੀ ਰਾਜਨੀਤਕ ਤੇ ਸਭਿਆਚਾਰਕ ਚੇਤਨਾ ਨੂੰ ਪ੍ਰਚੰਡ ਕਰਨ ਵਿਚ ਵੀ ਵੱਡਾ ਰੋਲ ਨਿਭਾਇਆ ਹੈ।

ਅਗਾਂਹਵਧੂ ਵਿਚਾਰਧਾਰਾ ਨਾਲ ਗੁਰਸ਼ਰਨ ਸਿੰਘ ਦੀ ਪ੍ਰਤੀਬੱਧਤਾ ਏਨੀ ਪਰਪੱਕ ਰਹੀ ਹੈ ਕਿ ਪਿਛਲੀ ਅੱਧੀ ਸਦੀ ਦੌਰਾਨ ਦੁਫਾੜ ਦਰ ਦੁਫਾੜ ਦਾ ਸ਼ਿਕਾਰ ਹੁੰਦੀ ਗਈ ਖੱਬੇ-ਪੱਖੀ ਕ੍ਰਾਂਤੀਕਾਰੀ ਲਹਿਰ ਦੇ ਕਿਸੇ ਗੁੱਟ ਦੀ ਇਹ ਜੁਰਅਤ ਨਹੀਂ ਹੋ ਸਕੀ ਕਿ ਆਪਣੀ ਤੰਗਨਜ਼ਰੀ ਵਿਚੋਂ ਉਹ ਗੁਰਸ਼ਰਨ ਸਿੰਘ ਦੀ ਦੇਣ ਤੋਂ ਇਨਕਾਰੀ ਹੋ ਸਕਣ। ਵੱਖ ਵੱਖ ਖੇਮਿਆਂ ਵਿਚ ਵੰਡੀ ਖੱਬੀ ਧਿਰ ਦੇ ਕਿਸੇ ਵੀ ਧੜੇ ਨਾਲ ਰਸਮੀ ਤੌਰ 'ਤੇ ਨਾ ਜੁੜਦਿਆਂ ਹੋਇਆਂ ਉਹ ਵਾਸਤਵ ਵਿਚ ਸੁਮੱਚੀ ਲਹਿਰ ਦੇ ਅੰਗ ਸੰਗ ਰਿਹਾ ਹੈ। ਪੰਜਾਬ ਸੰਤਾਪ ਦੇ ਦਿਨਾਂ ਵਿਚ ਇਕੋ ਸਮੇਂ ਅਤਿਵਾਦੀਆਂ ਦੇ ਅਣਮਨੁੱਖੀ ਵਿਹਾਰ ਨੂੰ ਲੋਕਾਂ ਸਾਹਮਣੇ ਨੰਗਾ ਕਰਨ ਅਤੇ ਰਾਜਕੀ ਹਨੇਰਗਰਦੀ ਨੂੰ ਨਿੰਦਣ ਵਿਚ ਜਿਸ ਦਲੇਰੀ ਦਾ ਸਬੂਤ ਉਸਨੇ ਦਿੱਤਾ ਹੈ ਉਹ ਸਾਡੇ ਸਭਿਆਚਾਰ ਤੇ ਰਾਜੀਨੀਤਕ ਇਤਿਹਾਸ ਦਾ ਇਕ ਸੁਨਿਹਰੀ ਕਾਂਡ ਹੋ ਨਿਬੜਿਆ ਹੈ।

ਉਸਨੇ ਕਿਸੇ ਵੀ ਮਸਲੇ ਉੱਤੇ ਅਖੌਤੀ ਬੁੱਧੀਮਾਨਾਂ ਵਾਂਗ ਸੁਹਿਰਦਤਾ ਦੀ ਘਾਟ ਨੂੰ ਲੁਕੋਣ ਲਈ ਲੱਫਜ਼ੀ ਹੇਰਫੇਰ ਦਾ ਸਹਾਰਾ ਨਹੀਂ ਲਿਆ, ਸਗੋਂ ਆਪਣੀ ਬੁਨਿਆਦੀ ਵਿਚਾਰਧਾਰਾ ਦੇ ਅੰਤਰਗਤ ਬਹੁਤ ਸਿੱਧਾ ਤੇ ਸਪਸ਼ਟ ਪੈਂਤੜਾ ਅਖਤਿਆਰ ਕੀਤਾ ਹੈ। ਇਕ ਨਿਆਈਂ ਸਮਾਜ ਦੀ ਉਸਾਰੀ ਲਈ ਉਸਨੇ ਦਰਪੇਸ਼ ਫੌਰੀ ਮਸਲਿਆਂ ਨੂੰ

ਆਧਾਰ ਬਣਾ ਕੇ ਅੱਧਾ ਸੈਂਕੜੇ ਦੀ ਗਿਣਤੀ ਨੂੰ ਪਹੁੰਚਦੇ ਨਿੱਕੇ ਨਿੱਕੇ ਨਾਟਕਾਂ ਦੀ ਰਚਨਾ ਕੀਤੀ ਹੈ ਅਤੇ ਪਿੰਡ ਪਿੰਡ ਜਾ ਕੇ ਉਹਨਾਂ ਦਾ ਮੰਚਨ ਕੀਤਾ ਹੈ।

ਆਪਣੇ ਥੀਏਟਰ ਨੂੰ ਉੱਚ ਵਰਗ ਦਾ ਥੀਏਟਰ ਬਣਾਉਣ ਤੋਂ ਬਚਾਉਣ ਦਾ ਸੁਚੇਤ ਉਪਰਾਲਾ ਕਰਕੇ ਗੁਰਸ਼ਰਨ ਸਿੰਘ ਨੇ ਲੋਕ ਥੀਏਟਰ ਨੂੰ ਇਕ ਨਿਵੇਕਲੀ ਪਛਾਣ ਅਤੇ ਸਤਿਕਾਰ ਵਾਲੀ ਥਾਂ ਦੁਆਈ ਹੈ। ਬਹੁਤ ਥੋੜ੍ਹੀ ਮੰਚ-ਸਮੱਗਰੀ ਅਤੇ ਗਿਣਤੀ ਦੇ ਕਲਾਕਾਰਾਂ ਨੂੰ ਨਾਲ ਲੈ ਕੇ ਉਸਨੇ ਲਗਾਤਾਰ ਨਾਟਕ ਖੇਡੇ ਹਨ। ਆਪਣੀ ਨਾਸਾਜ਼ ਸਿਹਤ ਤੇ ਵਡੇਰੀ ਉਮਰ ਦੇ ਬਾਵਜੂਦ ਹਾਲੇ ਵੀ ਉਹ ਆਪਣੇ ਕੰਮ ਨੂੰ ਪੂਰੀ ਲਗਨ ਨਾਲ ਜਾਰੀ ਰੱਖ ਰਿਹਾ ਹੈ। ਜਦੋਂ ਕ੍ਰਾਂਤੀਕਾਰੀ ਪਾਰਟੀਆਂ ਤੇ ਅਗਾਂਹ ਵਧੂ ਸੰਸਥਾਵਾਂ ਸਿਥਲਤਾ ਦਾ ਸ਼ਿਕਾਰ ਹੁੰਦੀਆਂ ਰਹੀਆਂ ਹਨ, ਉਦੋਂ ਗੁਰਸ਼ਰਨ ਸਿੰਘ ਨੇ ਆਪਣੀ ਨਾਟ-ਸਰਗਰਮੀ ਰਾਹੀਂ ਇਸ ਖੱਪੇ ਨੂੰ ਪੂਰਾ ਕੀਤਾ ਹੈ। ਕੋਈ ਹੈਰਾਨੀ ਨਹੀਂ ਕਿ ਸਮੇਂ ਸਮੇਂ ਉਸਨੂੰ ਰਾਜ-ਸੱਤਾ ਦੀ ਕਰੋਪੀ ਦਾ ਸ਼ਿਕਾਰ ਵੀ ਹੋਣਾ ਪਿਆ ਹੈ। ਆਪਣੇ ਨਿੱਜੀ ਵਿਹਾਰ ਵਿਚ ਆਦਰਸ਼ਵਾਦੀ ਬਿਰਤੀ ਦਾ ਪ੍ਰਗਟਾਵਾ ਕਰਦਿਆਂ ਉਸਨੇ ਕਈ ਉਹਨਾਂ ਕਮਜ਼ੋਰੀਆਂ ਤੋਂ ਬਚਣ ਦਾ ਸਫਲ ਉਪਰਾਲਾ ਕੀਤਾ ਹੈ ਜਿਸਦਾ ਤਰ੍ਹਾਗੀਵਾਦੀ ਪਹੁੰਚ ਦੀਆਂ ਸ਼ਿਕਾਰ ਰਵਾਇਤੀ ਕਮਿਊਨਿਸਟ ਪਾਰਟੀਆਂ ਜਾਂ ਉਹਨਾਂ ਦੇ ਨੇਤਾ ਤੇ ਸਮਰਥਕ ਅਕਸਰ ਹੀ ਸ਼ਿਕਾਰ ਹੁੰਦੇ ਰਹੇ ਹਨ। ਉਸਦੀ ਯਥਾਰਥਕ ਸੋਝੀ ਨੇ ਨਾਟਕਾਂ ਦੇ ਮੰਚਨ ਰਾਹੀਂ ਇਕ ਸਾਰਥਕ ਸੁਨੇਹਾ ਤਾਂ ਦਰਸ਼ਕਾਂ ਤਕ ਪਹੁੰਚਾਇਆ ਹੀ ਹੈ, ਪੰਜਾਬ ਦੇ ਬੁੱਧੀਮਾਨ ਵਰਗ ਨੂੰ ਝੰਜੋੜਿਆ ਅਤੇ ਰਾਜ-ਸੱਤਾ ਦੇ ਗਲਿਆਰਿਆਂ ਨੂੰ ਚੁਣੌਤੀ ਵੀ ਦਿੱਤੀ ਹੈ।

ਆਪਣੇ ਸਾਰਥਕ ਕੰਮਾਂ ਸਦਕਾ ਗੁਰਸ਼ਰਨ ਸਿੰਘ ਨੇ ਅਗਾਂਹਵਧੂ ਲਹਿਰ ਨੂੰ ਹੀ ਅਹਿਮ ਯੋਗਦਾਨ ਨਹੀਂ ਦਿੱਤਾ, ਖੁਦ ਉਸਨੂੰ ਵੀ ਸਥਾਨਕ, ਰਾਸ਼ਟਰੀ ਤੇ ਅੰਤਰ ਰਾਸ਼ਟਰੀ ਪੱਧਰ ਉੱਤੇ ਸਨਮਾਨ ਮਿਲੇ ਹਨ, ਜਿਸ ਵਿਚ ਰਾਸ਼ਟਰੀ ਸੰਗੀਤ ਨਾਟਕ ਅਕਾਦਮੀ ਦਾ ਮਾਣ-ਮੱਤਾ ਐਵਾਰਡ ਵੀ ਸ਼ਾਮਲ ਹੈ। ਇਹ ਉਸਦੀ ਦੇਣ ਦੀ ਹੀ ਸ਼ਕਤੀ ਹੈ ਕਿ ਸੱਤਾ ਦੇ ਗਲਿਆਰਿਆਂ ਵੱਲੋਂ ਵੀ ਹੁਣ ਉਸਨੂੰ ਅਣਗੌਲਿਆਂ ਕਰਨਾ ਜਾਂ ਉਸਤੋਂ ਪੱਲਾ ਬਚਾ ਕੇ ਲੰਘ ਜਾਣਾ ਸੰਭਵ ਨਹੀਂ। ਇਸੇ ਲਈ ਪੰਜਾਬ ਸਰਕਾਰ ਦੇ ਸ਼੍ਰੋਮਣੀ ਪੁਰਸਕਾਰ ਸਮੇਤ ਅਨੇਕਾਂ ਮਾਣ-ਸਨਮਾਨ ਉਸਦੀ ਝੋਲੀ ਪਏ ਹਨ। ਪਰ ਸਭ ਤੋਂ ਵੱਡਾ ਮਾਣ ਹੈ ਉਹ ਪਿਆਰ ਤੇ ਸਤਿਕਾਰ ਜੋ ਉਸ ਨੂੰ ਵਿਸ਼ਾਲ ਜਨ-ਸਮੂਹ ਵੱਲੋਂ ਲਗਾਤਾਰ ਮਿਲਦਾ ਹੈ।

**ਸਿਰਜਣਾ 'ਚ ਧੰਨਵਾਦ ਸਹਿਤ**